بِسۡمِ اللّٰہِ الرَّحۡمٰنِ الرَّحِیۡم                نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡم                وَعَلٰی عَبۡدِہِ الۡمَسِیۡحِ الۡمَوۡعُوۡد

لَا اِلٰہَ اِلَّا اللّٰہُ مُحَمَّدٌ رَّسُوۡلُ اللّٰہ

دفتر مجلس انصاراللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in          ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਦੇਸ਼ਾਂ ਦੀ ਰੌਸ਼ਨੀ ਵਿਚੱ ਜਲਸਾ ਸਲਾਨਾ ਵਿਚੱ ਸ਼ਾਮਿਲ ਹੋਣ ਵਾਲਿਆਂ ਨੂੰ ਨਸੀਹਤਾਂ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 01 ਸਤੰਬਰ 2023 ਪੰਡਾਲ ਜਲਸਾ ਸਲਾਨਾ ਜਰਮਨੀ**

أَشۡهَدُ أَنۡ لَّا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُولُهٗ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ۔ بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعٰلَمِيۡنَ۔ الرَّحۡمٰنِ الرَّحِيۡمِ۔ مٰلِكِ يَوۡمِ الدِّيۡنِ۔ اِيَّاكَ نَعۡبُدُ وَاِيَّاكَ نَسۡتَعِيۡنُ۔ اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ اَنۡعَمۡتَ عَلَيۡهِمۡ۔ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ

ਤਸ਼ਹੁਦੱ, ਤਾਊਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ : ਅਜੱ ਜਰਮਨੀ ਦਾ ਜਲਸਾ ਸਲਾਨਾ ਵੱਡੇ ਪਧੱਰ ਉੱਤੇ ਆਯੋਜਿਤ ਹੋ ਰਿਹਾ ਹੈ। ਰਬੱ ਜਲਸੇ ਵਿਚੱ ਸ਼ਾਮਿਲ ਹੋਣ ਵਾਲੇ ਸਾਰੇ ਲੋਕਾਂ ਨੂੰ ਜਲਸੇ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਾਲਾ ਬਣਾਏ। ਜਲਸੇ ਦੇ ਆਯੋਜਨ ਦਾ ਇਕੱ ਬਹੁਤ ਵੱਡਾ ਉਦੇਸ਼ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਾਨੂੰ ਦਸਿੱਆ ਹੈ ਅਤੇ ਬਹੁਤ ਦਰਦ ਨਾਲ ਇਸ ਦਾ ਪ੍ਰਕਟਾਵਾ ਕੀਤਾ ਹੈ। ਉਹ ਇਹ ਹੈ ਕਿ ਆਪ ਅਲੈਹਿ ਸਲਾਮ ਦੀ ਬੈਅਤ ਵਿਚੱ ਦਾਖ਼ਲ ਹੋਣ ਵਾਲੇ ਧਾਰਮਿਕ ਗਿਆਨ ਪ੍ਰਾਪਤ ਕਰਨ, ਅਧਿਆਤਮਿਕਤਾ ਵਿਚੱ ਤਰੱਕੀ ਕਰਨ। ਰਬੱ ਨਾਲ ਸੰਬੰਧ ਅਤੇ ਪਿਆਰ ਵਿਚੱ ਵਧੱਣ। ਆਂਹਜ਼ਰਤ ਸਲੱਲਾਹੋ ਅਲੈਹਿ ਦੀ ਸੰਪੂਰਨ ਪੈਰਵੀ ਕਰਨ ਵਾਲੇ ਹੋਣ।

ਹਜ਼ੂਰੇ ਅਨਵਰ ਨੇ ਫ਼ਰਮਾਇਆ : ਇਸ ਸਾਲ ਜਮਾਅਤੇ ਅਹਮਦੀਆ ਨੂੰ ਜਰਮਨੀ ਵਿਚੱ ਸਥਾਪਿਤ ਹੋਏ ਸੌ ਸਾਲ ਵੀ ਹੋ ਗਏ ਹਨ। ਪਰ ਇਸ ਗਲੱ ਉੱਤੇ ਖ਼ੁਸ਼ ਹੋਣ ਦੇ ਨਾਲ ਹੀ ਸਾਨੂੰ ਇਹ ਵੀ ਵੇਖਣਾ ਚਾਹੀਦਾ ਹੈ ਕਿ ਇਹਨਾਂ ਸੌ ਸਾਲਾਂ ਵਿਚੱ ਅਸੀਂ ਕੀ ਪ੍ਰਾਪਤ ਕੀਤਾ ? ਅਸੀਂ ਆਪਣੇ ਈਮਾਨ ਦੀ ਕਿੱਥੇ ਤਕੱ ਰਾਖੀ ਕੀਤੀ ? ਜੇਕਰ ਅਸੀਂ ਆਪਣੇ ਅਤੇ ਆਪਣੀ ਸੰਤਾਨ ਦੇ ਅੰਦਰ ਇਹ ਪਾਕ ਤਬਦੀਲੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਇਹੀ ਉਹ ਹਕੀਕੀ ਧੰਨਵਾਦ ਹੈ। ਜੋ ਇਸ ਮੌਕੇ ਉੱਤੇ ਸਾਨੂੰ ਅਦਾ ਕਰਨਾ ਚਾਹੀਦਾ ਹੈ। ਇਸ ਸਮੇਂ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਕੁਝੱ ਆਦੇਸ਼ ਆਪ ਦੇ ਸਾਮ੍ਹਣੇ ਪੇਸ਼ ਕਰਾਂਗਾ। ਜੋ ਸਾਡੇ ਉਦੇਸ਼ ਵਲੱ੍ਹ ਮਾਰਗਦਰਸ਼ਕ ਹਨ। ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ : ਇਹ ਨ ਖ਼ਿਆਲ ਕਰੋ ਕਿ ਕੇਵਲ ਬੈਅਤ ਕਰ ਲੈਣ ਨਾਲ ਹੀ ਰਬੱ ਖ਼ੁਸ਼ ਹੋ ਜਾਂਦਾ ਹੈ। ਇਹ ਤਾਂ ਕੇਵਲ ਛਿਲੱੜ੍ਹ ਹੈ। ਅਸਲ ਤਾਂ ਉਸ ਦੇ ਅੰਦਰ ਹੈ। ਸੋ, ਜੋ ਬੈਅਤ ਅਤੇ ਈਮਾਨ ਦਾ ਦਾਅਵਾ ਕਰਦਾ ਹੈ। ਉਸ ਨੂੰ ਆਪਣੀ ਪੜ੍ਹਚੋਲ ਕਰਨੀ ਚਾਹੀਦੀ ਹੈ ਕਿ ਕੀ ਮੈਂ ਛਿਲੱੜ੍ਹ ਹੀ ਹਾਂ ਜਾਂ ਅਸਲ ਹਾਂ।

ਦੀਨ ਨੂੰ ਦੁਨੀਆਂ ਉੱਤੇ ਪਹਿਲ ਦੇਣਾ ਕੀ ਹੈ ? ਇਸ ਦੀ ਵਿਆਖਿਆ ਕਰਦੇ ਹੋਏ ਹਜ਼ੂਰ ਅਲੈਹਿ ਸਲਾਮ ਫ਼ਰਮਾਉਂਦੇ ਹਨ : ਮੇਰਾ ਇਹ ਉਦੇਸ਼ ਬਿਲਕੁਲ ਵੀ ਨਹੀਂ ਕਿ ਮੁਸਲਮਾਨ ਸੁਸਤ ਹੋ ਜਾਣ । ਇਸਲਾਮ ਕਿਸੇ ਨੂੰ ਸੁਸਤ ਨਹੀਂ ਬਣਾਉਂਦਾ । ਆਪਣੇ ਵਿਉਪਾਰ ਅਤੇ ਨੌਕਰੀਆਂ ਵਿਚੱ ਵੀ ਵਿਅਸਥ ਹੋ । ਪਰ ਮੈਂ ਇਹ ਨਹੀਂ ਪਸੰਦ ਕਰਦਾ ਕਿ ਰਬੱ ਲਈ ਉਹਨਾਂ ਕੋਲ੍ਹ ਸਮਾਂ ਨ ਹੋਵੇ । ਨਮਾਜ਼ਾਂ ਦੇ ਸਮੇਂ ਉੱਤੇ ਨਮਾਜ਼ਾਂ ਨੂੰ ਨ ਛਡੱਣ । ਹਰ ਮਾਮਲੇ ਵਿਚੱ ਦੀਨ ਨੂੰ ਪਹਿਲ ਦੇਣ । ਸੰਸਾਰ ਉਦੇਸ਼ ਨ ਹੋਵੇ, ਅਸਲ ਉਦੇਸ਼ ਦੀਨ ਹੋਵੇ । ਫ਼ਿਰ ਦੁਨੀਆਂ ਦੇ ਕੰਮ ਵੀ ਦੀਨ ਹੀ ਹੋਣਗੇ । ਫ਼ਰਮਾਇਆ : ਤਰੱਕੀ ਦੀ ਇਕੱ ਹੀ ਰਾਹ ਹੈ ਕਿ ਰਬੱ ਦੀ ਪਛਾਣ ਅਤੇ ਉਸ ਉੱਤੇ ਜ਼ਿੰਦਾ ਈਮਾਨ ਪੈਦਾ ਕਰਨਾ ।

ਦੀਨ ਨੂੰ ਹਰ ਹਾਲ ਵਿਚੱ ਦੁਨੀਆਂ ਉੱਤੇ ਪਹਿਲ ਦੇਣ ਸੰਬੰਧੀ ਆਪ ਅਲੈਹਿ ਸਲਾਮ ਹੋਰ ਫ਼ਰਮਾਉਂਦੇ ਹਨ ਕਿ ਵੇਖੋ ਦੋ ਕਿਸਮ ਦੇ ਲੋਕ ਹੁੰਦੇ ਹਨ । ਇਕੱ ਤਾਂ ਉਹ ਜੋ ਇਸਲਾਮ ਕਬੂਲ ਕਰਕੇ ਦੁਨੀਆਂ ਦੇ ਕਾਰੋਬਾਰ ਅਤੇ ਵਿਉਪਾਰ ਵਿਚੱ ਵਿਅਸਥ ਹੋ ਜਾਂਦੇ ਹਨ । ਸ਼ੈਤਾਨ ਉਹਨਾਂ ਦੇ ਸਿਰ ਉੱਤੇ ਸਵਾਰ ਹੋ ਜਾਂਦਾ ਹੈ । ਮੇਰਾ ਇਹ ਉਦੇਸ਼ ਨਹੀਂ ਕਿ ਵਿਉਪਾਰ ਕਰਨ ਤੋਂ ਰੋਕਾ । ਸਹਾਬੀ ਵਿਉਪਾਰ ਵੀ ਕਰਦੇ ਸਨ । ਪਰ ਦੀਨ ਨੂੰ ਦੁਨੀਆਂ ਉੱਤੇ ਪਹਿਲ ਦਿੰਦੇ ਸਨ । ਉਹਨਾਂ ਨੇ ਇਸਲਾਮ ਕਬੂਲ ਕੀਤਾ ਤਾਂ ਇਸਲਾਮ ਸੰਬੰਧੀ ਸੱਚਾ ਗਿਆਨ, ਜੋ ਈਮਾਨ ਨਾਲ ਉਹਨਾਂ ਦੇ ਦਿਲ੍ਹਾਂ ਨੂੰ ਭਰ ਦੇਵੇ, ਉਹਨਾਂ ਨੇ ਪ੍ਰਾਪਤ ਕੀਤਾ । ਇਹੀ ਕਾਰਨ ਸੀ ਕਿ ਉਹ ਕਿਸੇ ਮੈਦਾਨ ਵਿਚੱ ਸ਼ੈਤਾਨ ਦੇ ਹਮਲੇ ਨਾਲ ਨਹੀਂ ਤਿਲਕੇ ।

ਫ਼ਰਮਾਇਆ : ਮੈਂ ਵਧੇਰੀ ਉਮੀਦ ਉਹਨਾਂ ਉੱਤੇ ਕਰਨਾ ਹਾਂ । ਜੋ ਧਾਰਮਿਕ ਤਰੱਕੀ ਅਤੇ ਸ਼ੌਕ ਨੂੰ ਘਟੱ ਨਹੀਂ ਕਰਦੇ । ਜੋ ਇਸ ਸ਼ੌਕ ਨੂੰ ਘਟੱ ਕਰਦੇ ਹਨ । ਮੈਨੂੰ ਸ਼ਕੱ ਹੁੰਦਾ ਹੈ ਕਿ ਕਿੱਥੇ ਸ਼ੈਤਾਨ ਉਹਨਾਂ ਉੱਤੇ ਕਾਬੂ ਨ ਪਾ ਲਏ । ਇਸ ਲਈ ਕਦੇ ਸੁਸਤ ਨਹੀਂ ਹੋਣਾ ਚਾਹੀਦਾ ਹੈ ।

ਫ਼ਰਮਾਇਆ : ਗ਼ੈਰ ਮੁਸਲਿਮਾਂ ਨੂੰ ਕੁਰਆਨ ਕਰੀਮ ਜਲਾਉਣ ਦੀ ਕਿਉਂ ਹਿੰਮਤ ਪੈਦਾ ਹੋਈ । ਇਸ ਲਈ ਕਿ ਅਸੀਂ ਕੁਰਆਨ ਕਰੀਮ ਦੀ ਸਿਖਿੱਆ ਉੱਤੇ ਅਮਲ ਕਰਨਾ ਛਡੱ ਦਿੱਤਾ ਅਤੇ ਇਸੇ ਕਰਕੇ ਉਹਨਾਂ ਨੂੰ ਹਿੰਮਤ ਪੈਦਾ ਹੋਈ । ਜੋ ਇਲਮੀ ਤਰੱਕੀ ਚਾਹੁੰਦਾ ਹੈ । ਉਸ ਨੂੰ ਚਾਹੀਦਾ ਹੈ ਕੁਰਆਨ ਕਰੀਮ ਨੂੰ ਧਿਆਨ ਨਾਲ ਪੜ੍ਹੇ । ਜਿੱਥੇ ਸਮਝ ਨ ਆਵੇ, ਪੁਛੱ ਲਏ । ਕੁਰਆਨ ਕਰੀਮ ਇਕੱ ਦੀਨੀ ਸਮੁੰਦਰ ਹੈ ਜਿਸ ਦੇ ਅੰਦਰ ਬਹੁਤ ਅਦਭੁਤ ਅਤੇ ਅਥਾਹ ਗਿਆਨ ਦੇ ਮੋਤੀ (ਤਤੱ) ਮੌਜੂਦ ਹਨ । ਸੋ, ਸਾਨੂੰ ਵੇਖਣਾ ਚਾਹੀਦਾ ਹੈ ਕਿ ਕਿੰਨੇ ਹਨ, ਜੋ ਧਿਆਨ ਨਾਲ ਕੁਰਆਨ ਕਰੀਮ ਨੂੰ ਪੜਦੇ ਹਨ ਅਤੇ ਫ਼ਿਰ ਉਸ ਉੱਤੇ ਅਮਲ ਕਰਨ ਦੀ ਕੋਸ਼ਿਸ਼ ਕਰਦੇ ਹਨ ।

ਫ਼ਰਮਾਇਆ : ਸੱਚੇ ਧਰਮ ਦੀ ਜੜ੍ਹ ਰਬੱ ਉੱਤੇ ਵਿਸ਼ਵਾਸ ਹੈ ਅਤੇ ਰਬੱ ਉੱਤੇ ਵਿਸ਼ਵਾਸ ਚਾਹੁੰਦਾ ਹੈ ਕਿ ਸੱਚੀ ਪਵਿਤੱਰਤਾ ਹੋਵੇ । ਰਬੱ ਦਾ ਖ਼ੌਫ਼ ਹੋਵੇ । ਸੰਜਮੀ ਨੂੰ ਰਬੱ ਕਦੇ ਬਰਬਾਦ ਨਹੀਂ ਕਰਦਾ । ਉਹ ਆਕਾਸ਼ ਤੋਂ ਉਸ ਦੀ ਮਦਦ ਕਰਦਾ ਹੈ । ਫ਼ਰਿਸ਼ਤੇ ਉਸ ਦੀ ਮਦਦ ਲਈ ਆਉਂਦੇ ਹਨ । ਇਸ ਤੋਂ ਵਧੱ ਕੇ ਕੀ ਹੋਵੇਗਾ ਕਿ ਸੰਜਮੀ ਤੋਂ ਚਮਤਕਾਰ ਪ੍ਰਕਟ ਹੋ ਜਾਂਦਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਉਹ ਨਮਾਜ਼ ਬੁਰਾਈਆਂ ਨੂੰ ਦੂਰ ਕਰਦੀ ਹੈ ਜੋ ਆਪਣੇ ਅੰਦਰ ਇਕੱ ਸੱਚਾਈ ਦੀ ਰੂਹ ਰਖੱਦੀ ਹੈ ਅਤੇ ਕਿਰਪਾ ਦੇ ਪ੍ਰਭਾਵ ਉਸ ਵਿਚੱ ਮੌਜੂਦ ਹਨ। ਉਹ ਨਮਾਜ਼ ਜ਼ਰੂਰ ਬੁਰਾਈਆਂ ਨੂੰ ਦੂਰ ਕਰਦੀ ਹੈ। ਨਮਾਜ਼ ਦਾ ਅਸਲ ਅਤੇ ਰੂਹ ਉਹ ਦੁਆ ਹੈ। ਜੋ ਇਕੱ ਸੁਆਦ ਅਤੇ ਆਨੰਦ ਆਪਣੇ ਅੰਦਰ ਰਖੱਦੀ ਹੈ।

ਸੋ, ਸਾਨੂੰ ਆਪਣੀ ਪੜ੍ਹਚੋਲ ਕਰਨ ਦੀ ਲੋੜ੍ਹ ਹੈ ਕਿ ਕੀ ਅਸੀਂ ਨਮਾਜ਼ਾਂ ਵਿਚੱ ਆਨੰਦ ਪ੍ਰਾਪਤ ਕਰ ਰਹੇ ਹਾਂ। ਕੀ ਅਸੀਂ ਸੰਪੂਰਨ ਭਰੋਸਾ ਕੇਵਲ ਸਾਧਨਾਂ ਉੱਤੇ ਤਾਂ ਨਹੀਂ ਰਖੱਦੇ। ਜੇਕਰ ਅਸੀਂ ਨਮਾਜ਼ਾਂ ਦੀ ਰਾਖੀ ਕਰਨ ਵਾਲੇ ਹਨ ਤਾਂ ਅਸੀਂ ਬੈਅਤ ਦਾ ਹਕੱ ਅਦਾ ਕਰਨ ਵਾਲੇ ਹਨ। ਨਹੀਂ ਤਾਂ ਚਿੰਤਾ ਦੀ ਗਲੱ ਹੈ।

ਇਲਮ ਅਤੇ ਗਿਆਨ ਵਿਚੱ ਤਰੱਕੀ ਅਤੇ ਗੁਰੂ ਚੇਲੇ ਦੇ ਸੰਬੰਧਾਂ ਬਾਰੇ ਹਜ਼ੂਰ ਅਲੈਹਿ ਸਲਾਮ ਫ਼ਰਮਾਉਂਦੇ ਹਨ : ਗੁਰੂ ਅਤੇ ਚੇਲੇ ਦੇ ਸੰਬੰਧ, ਟੀਚਰ ਅਤੇ ਸਟੂਡੈਂਟ ਦੀ ਮਿਸਾਲ ਨਾਲ ਸਮਝ ਲੈਣੇ ਚਾਹੀਦੇ ਹਨ। ਜਿਵੇਂ ਸਟੂਡੈਂਟ ਟੀਚਰ ਤੋਂ ਲਾਭ ਚੁਕੱਦਾ ਹੈ। ਇੰਝ ਹੀ ਚੇਲਾ ਗੁਰੂ ਤੋਂ। ਪਰ ਸਟੂਡੈਂਟ ਜੇਕਰ ਆਪਣੇ ਟੀਚਰ ਨਾਲ ਸੰਬੰਧ ਤਾਂ ਰੱਖੇ। ਪਰ ਆਪਣੀ ਸਿਖਿੱਆ ਵਿਚੱ ਕਦਮ ਅੱਗੇ ਨ ਵਧਾਏ ਤਾਂ ਲਾਭ ਨਹੀਂ ਚੁਕੱ ਸਕਦਾ। ਇਹੀ ਹਾਲ ਚੇਲੇ ਦਾ ਹੈ। ਸੋ, ਇਸ ਸਿਲਸਿਲੇ ਵਿਚੱ ਸੰਬੰਧ ਪੈਦਾ ਕਰਕੇ ਆਪਣੇ ਗਿਆਨ ਅਤੇ ਇਲਮ ਨੂੰ ਵਧਾਉਣਾ ਚਾਹੀਦਾ ਹੈ। ਹਕੱ ਦੇ ਜਾਚਕ ਨੂੰ ਇਕੱ ਥਾਂ ਉੱਤੇ ਪਹੁੰਚ ਕੇ ਕਦੇ ਵੀ ਰੁਕੱਣਾ ਨਹੀਂ ਚਾਹੀਦਾ। ਨਹੀਂ ਤਾਂ ਲਾਨ੍ਹਤੀ ਸ਼ੈਤਾਨ ਹੋਰ ਪਾਸੇ ਲੈ ਜਾਵੇਗਾ।

ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਜੇਕਰ ਮੇਰੀ ਬੈਅਤ ਕੀਤੀ ਹੈ ਤਾਂ ਮੈਨੂੰ ਹਕਮ-ਓ-ਅਦਲ (ਇੰਨਸਾਫ਼ ਨਾਲ ਫ਼ੈਸਲਾ ਕਰਨ ਵਾਲਾ) ਮੰਨੋ। ਇਸ ਗਲੱ ਉੱਤੇ ਵਿਸ਼ਵਾਸ ਰੱਖੋ ਕਿ ਜੋ ਗਲੱ ਮੈਂ ਕਹਾਂਗਾ, ਰਬੱ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਸਿਖਿੱਆ ਦੇ ਅਨੁਸਾਰ ਕਹਾਂਗਾ।

ਫ਼ਰਮਾਇਆ : ਜਿਨ੍ਹਾਂ ਲੋਕਾਂ ਨੇ ਮੇਰਾ ਇੰਨਕਾਰ ਕੀਤਾ ਹੈ ਅਤੇ ਜੋ ਮੇਰੇ ਉੱਤੇ ਆਰੋਪ ਲਾਉਂਦੇ ਹਨ। ਉਹਨਾਂ ਨੇ ਮੈਨੂੰ ਪਛਾਣਿਆ ਨਹੀਂ ਅਤੇ ਜਿਸ ਨੇ ਮੈਨੂੰ ਮੰਨਿਆ ਅਤੇ ਫ਼ਿਰ ਆਰੋਪ ਲਾਉਂਦਾ ਹੈ। ਉਹ ਹੋਰ ਵੀ ਅਭਾਗਾ ਹੈ ਕਿ ਵੇਖ ਕੇ ਅੰਨ੍ਹਾ ਹੋਇਆ।

ਆਪ ਅਲੈਹਿ ਸਲਾਮ ਆਪਣੇ ਆਉਣ ਦਾ ਉਦੇਸ਼ ਅਤੇ ਮਕਸਦ ਬਿਆਨ ਕਰਦੇ ਹੋਏ ਫ਼ਰਮਾਉਂਦੇ ਹਨ: ਮੇਰੇ ਆਉਣ ਦਾ ਅਸਲ ਉਦੇਸ਼ ਅਤੇ ਮਕਸਦ ਇਹੀ ਹੈ ਕਿ ਇਕੱ ਈਸ਼ਵਰਵਾਦ, ਆਚਰਣ ਅਤੇ ਅਧਿਆਤਮਿਕਤਾ ਨੂੰ ਹੁਲਾਰਾ ਦਿਆਂ। ਇਕੱ ਈਸ਼ਵਰਵਾਦ ਦਾ ਅਰਥ ਇਹ ਹੈ ਕਿ ਰਬੱ ਨੂੰ ਹੀ ਆਪਣਾ ਉਦੇਸ਼, ਮਕਸਦ ਅਤੇ ਪਿਆਰਾ ਅਤੇ ਆਗਿਆਯੋਗ ਯਕੀਨ ਕੀਤਾ ਜਾਵੇ। ਆਚਰਣ ਦਾ ਅਰਥ ਇਹ ਹੈ ਕਿ ਜਿੰਨ੍ਹੇ ਅੰਗ ਮਨੁਖੱ ਲੈ ਕੇ ਆਇਆ ਹੈ। ਉਹਨਾਂ ਨੂੰ ਆਪਣੇ ਮਹਿਲ-ਮੌਕੇ ਅਨੁਸਾਰ ਖ਼ਰਚ ਕੀਤਾ ਜਾਵੇ। ਇਹ ਨਹੀਂ ਕਿ ਕੁਝੱ ਨੂੰ ਬਿਲਕੁਲ ਵਿਅਰਥ ਛਡੱ ਦਿੱਤਾ ਜਾਵੇ ਅਤੇ ਕੁਝੱ ਉੱਤੇ ਬਹੁਤ ਧਿਆਨ ਦਿੱਤਾ ਜਾਵੇ। ਅਧਿਆਤਮਿਕਤਾ ਦਾ ਅਰਥ ਉਹ ਨਿਸ਼ਾਨ ਅਤੇ ਅਲਾਮਤਾਂ ਹਨ। ਜਿਨ੍ਹਾਂ ਰਾਹੀਂ ਰਬੱ ਨਾਲ ਸੱਚਾ ਸੰਬੰਧ ਪੈਦਾ ਹੁੰਦਾ ਹੈ। ਸੋ, ਹਰ ਅਹਮਦੀ ਨੂੰ ਇਸ ਵਲੱ ਧਿਆਨ ਦੇਣ ਦੀ ਲੋੜ੍ਹ ਹੈ ਕਿ ਇਕੱ

ਈਸ਼ਵਰਵਾਦ ਦਾ ਉਸ ਦੇ ਦਿਲ੍ਹ ਵਿਚੱ ਕਿੰਨ੍ਹਾਂ ਜੋਸ਼ ਹੈ, ਸ਼ੌਕ ਹੈ । ਇੰਝ ਹੀ ਜਦੱ ਅਸੀਂ ਮਸਜਿਦਾਂ ਬਣਾ ਰਹੇ ਹਾਂ ਤਾਂ ਉਹਨਾਂ ਨੂੰ ਵਸਾਉਣ ਦੀ ਵੀ ਚਿੰਤਾ ਹੋਣੀ ਚਾਹੀਦੀ ਹੈ । ਇੰਝ ਹੀ ਉੱਚੇ ਆਚਰਣ ਦਾ ਪ੍ਰਕਟਾਵਾ ਹਰ ਅਹਮਦੀ ਤੋਂ ਹੋਣਾ ਚਾਹੀਦਾ ਹੈ । ਇਹ ਉੱਚਾ ਆਚਰਣ ਹੈ ਜੋ ਸਾਡਾ ਸੰਦੇਸ਼ ਪਹੁੰਚਾਉਣ ਵਿਚੱ ਬਹੁਤ ਵੱਡਾ ਸਹਿਯੋਗ ਦਿੰਦਾ ਹੈ । ਫ਼ਰਮਾਇਆ : ਅਧਿਆਤਮਿਕਤਾ ਦੇ ਪਧੱਰ ਦਾ ਉਦੋਂ ਪਤਾ ਲੱਗੇਗਾ । ਜਦੱ ਰਬੱ ਅਤੇ ਬੰਦੀਆਂ ਦੇ ਹੱਕ ਅਦਾ ਕਰਨ ਦੇ ਉਚੱਤਮ ਮਿਆਰ ਕਾਯਮ ਹੋਣਗੇ ।

ਕੀ ਸਾਡਾ ਰਬੱ ਨਾਲ ਮਜ਼ਬੂਤ ਸੰਬੰਧ ਸਥਾਪਿਤ ਹੋ ਗਿਆ ਹੈ ? ਕੀ ਸਾਡੀ ਨਮਾਜ਼ਾਂ ਦੇ ਉਚੱਤਮ ਮਿਆਰ ਕਾਯਮ ਹੋ ਗਏ ਹਨ ? ਕੀ ਅਸੀਂ ਨਮਾਜ਼ ਦੇ ਸਮੇਂ ਸੰਸਾਰਿਕ ਕੰਮਾਂ ਨੂੰ ਛਡੱ ਕੇ ਨਮਾਜ਼ ਲਈ ਹਾਜ਼ਰ ਹੋ ਜਾਂਦੇ ਹਨ ਜਾਂ ਕੇਵਲ ਮਸਜਿਦਾਂ ਬਣਾਉਣ ਉੱਤੇ ਜ਼ੋਰ ਹੈ ? ਕੀ ਅਸੀਂ ਕੁਰਆਨ ਕਰੀਮ ਦੀ ਤਿਲਾਵਤ ਰੋਜ਼ ਕਰ ਰਹੇ ਹਨ ? ਕੀ ਅਸੀਂ ਕੁਰਆਨੀ ਸਿਖਿੱਆਵਾਂ ਨੂੰ ਲਭੱ ਕੇ ਉਹਨਾਂ ਉੱਤੇ ਅਮਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ? ਕੀ ਅਸੀਂ ਆਪਣੇ ਬਚਿੱਆਂ ਨੂੰ ਦੀਨ ਨਾਲ ਜੋੜਣ ਦੀ ਭਰਪੂਰ ਕੋਸ਼ਿਸ਼ ਕਰ ਰਹੇ ਹਨ ? ਕੀ ਸਾਨੂੰ ਕੇਵਲ ਆਪਣੇ ਬਚਿੱਆਂ ਦੀ ਸੰਸਾਰਿਕ ਸਿਖਿੱਆ ਦੀ ਚਿੰਤਾ ਹੈ ਜਾਂ ਉਹਨਾਂ ਦੇ ਦੀਨ ਦੀ ਵੀ ਚਿੰਤਾ ਹੈ ? ਕੀ ਸਾਡੇ ਉਚੱ ਆਚਰਣ ਆਪਸੀ ਸੰਬੰਧਾਂ ਦੇ ਉਹ ਮਿਆਰ ਸਥਾਪਿਤ ਕਰ ਚੁੱਕੇ ਹਨ । ਜੋ رُحَمَآءُ بَیۡنَہُمۡ ਦਾ ਨਜ਼ਾਰਾ ਵਿਖਾਏ ਸਾਨੂੰ ? ਕੀ ਉਚੱ ਆਚਰਣ ਦੇ ਨਮੂਨੇ ਗ਼ੈਰਾਂ ਉੱਤੇ ਪ੍ਰਕਟ ਕਰਕੇ ਉਹਨਾਂ ਨੂੰ ਇਸਲਾਮ ਦੀ ਸੁੰਦਰ ਸਿਖਿੱਆ ਤੋਂ ਅਸੀਂ ਜਾਣੂ ਕਰਵਾ ਰਹੇ ਹਾਂ ? ਸੋ, ਪਹਿਲਾਂ ਤਾਂ ਇਹ ਪੜ੍ਹਚੋਲ ਕਰਨ ਕਿ ਰਬੱ ਅਤੇ ਬੰਦੀਆਂ ਦੇ ਹੱਕ ਅਦਾ ਕਰਨ ਦੇ ਮਿਆਰਾਂ ਨੂੰ ਕਿੱਥੇ ਤਕੱ ਅਸੀਂ ਪ੍ਰਾਪਤ ਕਰ ਲਿਆ ਹੈ ।

ਅਸੀਂ ਇਹ ਦਾਅਵਾ ਲੈ ਕੇ ਉੱਠੇ ਹਾਂ ਕਿ ਅਸੀਂ ਦੁਨੀਆ ਦੇ ਦਿਲ੍ਹ ਜਿਤਣੇ ਹਨ । ਅਸੀਂ ਦੁਨੀਆਂ ਨੂੰ ਰਬੱ ਦਾ ਇਕੱ ਹੋਣਾ ਮਣਾਉਣਾ ਹੈ । ਸੰਸਾਰ ਨੂੰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਕਦਮਾਂ ਹੇਠ ਪਾਉਣਾ ਹੈ । ਸੋ, ਇਸ ਹਵਾਲੇ ਨਾਲ ਸਾਡੇ ਵਿੱਚੋਂ ਹਰ ਇਕੱ ਨੂੰ ਆਪਣੀ ਪੜਚੋਲ ਕਰਨੀ ਚਾਹੀਦੀ ਹੈ ਅਤੇ ਇਕੱ ਨਵੇਂ ਇਰਾਦੇ ਨਾਲ ਨਵੀਂ ਸਦੀ ਵਿਚੱ ਦਾਖ਼ਲ ਹੋਣਾ ਚਾਹੀਦਾ ਹੈ ਕਿ ਅਸੀਂ ਦੀਨ ਨੂੰ ਦੁਨੀਆਂ ਉੱਤੇ ਪਹਿਲ ਦਿੰਦੇ ਹੋਏ । ਆਪਣੇ ਇਸ ਉਦੇਸ਼ ਨੂੰ ਪ੍ਰਾਪਤ ਕਰਨ ਦੀ ਭਰਪੂਰ ਕੋਸ਼ਿਸ਼ ਕਰਨਗੇ ਅਤੇ ਆਪਣੇ ਬਚਿੱਆਂ ਅਤੇ ਨਸਲਾਂ ਨੂੰ ਵੀ ਇਸ ਗਲ੍ਹੱ ਲਈ ਪੱਕੇ ਕਰਦੇ ਰਹਾਂਗੇ ਅਤੇ ਉਹਨਾਂ ਦੀ ਇੰਝ ਸਿਖੱਲਾਈ ਕਰਾਂਗੇ ਕਿ ਰਬੱ ਨਾਲ ਸੰਬੰਧ ਦੀ ਇਹ ਤੜ੍ਹਪ ਇਕੱ ਨਸਲ ਤੋਂ ਦੂਜੀ ਨਸਲ ਨੂੰ ਲਗੱਦੀ ਚਲੀ ਜਾਵੇ । ਰਬੱ ਸਾਨੂੰ ਇਸ ਦੀ ਤੌਫ਼ੀਕ ਬਖ਼ਸ਼ੇ । ਆਮੀਨ

اَلۡحَمۡدُ لِلّٰہِ! اَلۡحَمۡدُ لِلّٰہِ نَحۡمَدُہٗ وَنَسۡتَعِیۡنُہٗ وَنَسۡتَغۡفِرُہٗ وَنُؤۡمِنُ بِہٖ وَنَتَوَکَّلُ عَلَیۡہِ وَنَعُوۡذُ بِاللّٰہِ مِنۡ شُرُوۡرِ اَنۡفُسِنَا وَمِنۡ سَیِّئَاتِ اَعۡمَالِنَا مَنۡ یَّھۡدِہِ اللّٰہُ فَلَا مُضِلَّ لَہٗ وَمَنۡ یُّضۡلِلۡہُ فَلَا ھَادِیَ لَہٗ وَنَشۡھَدُ اَنۡ لَّآ اِلٰہَ اِلَّا اللّٰہُ وَنَشۡھَدُ اَنَّ مُحَمَّدًا عَبۡدُہٗ وَرَسُوۡلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاۡمُرُ بِالۡعَدۡلِ وَالۡاِحۡسَانِ وَاِیۡتَآءِ ذِی الۡقُرۡبٰی وَیَنۡھٰی عَنِ الۡفَحۡشَآءِ وَالۡمُنۡکَرِ وَالۡبَغۡیِ یَعِظُکُمۡ لَعَلَّکُمۡ تَذَکَّرُوۡنَ اُذۡکُرُوا اللّٰہَ یَذۡکُرۡکُمۡ وَادۡعُوۡہُ یَسۡتَجِبۡ لَکُمۡ وَلَذِکۡرُ اللّٰہِ اَکۡبَرُ۔